**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਪ੍ਰਿੰਸੀਪਲ ਸੀਨੀਅਰ ਸੈਕੰਡਰੀ ਸਕੂਲ(ਵੈਬਸਾਇਟ ਰਾਹੀਂ)
ਪੰਜਾਬ

**ਮੀਮੋ ਨੰ: ਏ.ਐਸ.ਪੀ.ਡੀ/ਮੀਡੀਆ/2012/84975-84976**
**ਮਿਤੀ,ਚੰਡੀਗੜ੍ਹ : 4/9/2012**

ਵਿਸ਼ਾ:- **ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਨੁਸ਼ਾਸਨ ਕਮੇਟੀਆਂ ਦਾ ਗਠਨ ਕਰਨ ਬਾਰੇ।**

1.0 ਉਪੋਰਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵੱਖ-ਵੱਖ ਸਕੂਲਾਂ ਦੇ ਨਿਰੀਖਣ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਦੇ ਗੁਣਾਤਮਕ ਏਜੰਡੇ ਨੂੰ ਲੈ ਕੇ ਅਤੇ ਸਕੂਲ ਅਨੁਸ਼ਾਸਨ ਪੱਖੋਂ ਕਈ ਸਕੂਲਾਂ ਦਾ ਪ੍ਰਭਾਵ ਕਾਫ਼ੀ ਚੰਗਾ ਹੈ।ਪਰ ਫੇਰ ਵੀ ਕਈ ਸਕੂਲ ਅਜਿਹੇ ਹਨ ਜਿੱਥੇ ਸਕੂਲਾਂ ਅੰਦਰ ਕੁਝ ਵਿਦਿਆਰਥੀਆਂ ਵੱਲੋਂ ਕੀਤੀ ਜਾਂਦੀ ਅਨੁਸ਼ਾਸਨਹੀਣਤਾ ਦੇਖੀ ਗਈ ਹੈ।

3.0 ਵੱਡੀ ਅਨੁਸ਼ਾਸਨਹੀਣਤਾ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਸ਼ੁਰੂ ਵਿੱਚ ਹੀ ਵਿਦਿਆਰਥੀ ਨੂੰ ਪਈਆਂ ਅਜਿਹੀਆਂ ਗ਼ਲਤ ਆਦਤਾਂ ਇਸ ਦੇ ਵੱਡੇ ਹੁੰਦਿਆਂ-ਹੁੰਦਿਆਂ ਵਿਦਿਆਰਥੀ ਦੇ ਆਪਣੇ ਆਪ ਲਈ ਅਤੇ ਸਮਾਜ ਲਈ ਖ਼ਤਰਨਾਕ ਸਾਬਤ ਹੁੰਦੀਆਂ ਹਨ।ਇਸ ਲਈ ਇਹ ਜ਼ਰੂਰੀ ਹੈ ਕਿ ਸ਼ੁਰੂ ਵਿੱਚ ਹੀ ਵਿਦਿਆਰਥੀ ਨੂੰ ਅਨੁਸ਼ਾਸਨ 'ਚ ਰਹਿਣ ਦਾ ਪਾਠ ਪੜ੍ਹਾਇਆ ਜਾਵੇ।ਸੋ ਅਧਿਆਪਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਨੂੰ ਅਨੁਸ਼ਾਸਨ ਦੀ ਮਹੱਤਤਾ ਬਾਰੇ ਅਤੇ ਭਵਿੱਖ 'ਚ ਇਹਨਾਂ ਦੇ ਸਮਾਜ ਲਈ ਰੋਲ ਮਾਡਲ ਬਣਨ ਲਈ ਪ੍ਰੇਰਨਾ ਦੇਣ। ਇਸ ਤੋਂ ਇਲਾਵਾ ਅਧਿਆਪਕਾਂ ਦਾ ਇਹ ਵੀ ਫ਼ਰਜ਼ ਬਣਦਾ ਹੈ ਕਿ ਜਮਾਤ ਵਿੱਚ ਵਿਦਿਆਰਥੀ ਨੂੰ ਪਾਠਕ੍ਰਮ ਪੜ੍ਹਾਉਣ ਦੇ ਨਾਲ ਉਸਨੂੰ ਅਨੁਸ਼ਾਸਨ 'ਚ ਰਹਿਣ ਦੀ ਸਿੱਖਿਆ ਦੇਣ।

4.0 ਜਿਥੇ ਕਿਤੇ ਕੋਈ ਵਿਦਿਆਰਥੀ ਵਾਰ-ਵਾਰ ਅਧਿਆਪਕ ਅਤੇ ਸਕੂਲ ਮੁਖੀ ਦੇ ਪੱਧਰ ਤੇ ਸਮਝਾਉਣ ਉਪਰੰਤ ਵੀ ਅਨੁਸ਼ਾਸਨਹੀਣਤਾ ਕਰਦਾ ਹੈ ਤਾਂ ਅਜਿਹੇ ਵਿਦਿਆਰਥੀ ਦੇ ਮਾਪਿਆਂ ਨੂੰ ਸਕੂਲ ਵਿੱਚ ਬੁਲਾ ਕੇ ਉਸਦੇ ਆਚਰਣ ਬਾਰੇ ਦੱਸਿਆ ਜਾਵੇ ਅਤੇ ਤਾੜਨਾ ਕੀਤੀ ਜਾਵੇ ਕਿ ਅੱਗੇ ਤੋਂ ਅਨੁਸ਼ਾਸਨਹੀਣਤਾ ਕਰਨ ਤੇ ਬੱਚੇ ਨੂੰ ਸਕੂਲ ਵਿਚੋਂ ਕੱਢ ਦਿੱਤਾ ਜਾਵੇਗਾ ਇਸ ਸਬੰਧੀ ਸਕੂਲ ਵਿੱਚ ਅਜਿਹੇ ਵਿਦਿਆਰਥੀ ਦਾ ਲਿਖਤੀ ਰਿਕਾਰਡ ਵੀ ਰੱਖਿਆ ਜਾਵੇ।

5.0 ਜੇਕਰ ਉਕਤ ਦੱਸੀ ਕਾਰਵਾਈ ਉਪਰੰਤ ਵੀ ਕੋਈ ਵਿਦਿਆਰਥੀ ਅਨੁਸ਼ਾਸਨਹੀਣਤਾ ਕਰਦਾ ਹੈ ਤਾਂ ਸਕੂਲ ਮੈਨਜਮੈਂਟ ਕਮੇਟੀ ਦੇ ਧਿਆਨ ਵਿੱਚ ਲਿਆ ਕੇ ਅਜਿਹੇ ਵਿਦਿਆਰਥੀਆਂ ਦਾ ਨਾਮ ਸਕੂਲ ਵਿੱਚੋਂ ਕੱਟ ਦਿੱਤਾ ਜਾਵੇ, ਤਾਂ ਜੋ ਅਜਿਹੇ ਵਿਦਿਆਰਥੀ ਦੀ ਸਕੂਲ ਵਿੱਚ ਮੌਜੂਦਗੀ ਕਾਰਨ ਸਕੂਲ ਵਿੱਚ ਪੜ੍ਹਦੇ ਬਾਕੀ ਵਿਦਿਆਰਥੀਆਂ ਦੇ ਵਿੱਦਿਅਕ ਮਹੌਲ ਤੇ ਉਲਟਾ ਅਸਰ ਨਾ ਪਵੇ।

6.0 ਸਮੂਹ ਸਕੂਲ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਕੂਲ ਦੇ ਵਿੱਦਿਅਕ ਮਾਹੌਲ ਨੂੰ ਵਧੀਆ ਬਣਾਉਣ ਲਈ ਸਕੂਲ ਪੱਧਰ ਤੇ ਇੱਕ ਅਨੁਸ਼ਾਸਨ ਕਮੇਟੀ ਦਾ ਗਠਨ ਕਰਨ।ਅਨੁਸ਼ਾਸਨ ਕਮੇਟੀ ਵਿੱਚ ਸਕੂਲ ਮੁੱਖੀ ਤੋਂ ਇਲਾਵਾ ਦੋ ਪੁਰਸ਼ ਅਧਿਆਪਕ ਤੇ ਇੱਕ ਮਹਿਲਾ ਅਧਿਆਪਕ ਨੂੰ ਕਮੇਟੀ ਮੈਂਬਰ ਬਣਾਇਆ ਜਾਵੇ ।ਜੇਕਰ ਵਿਦਿਆਰਥੀਆਂ ਦੀ ਗਿਣਤੀ ਸਕੂਲ ਵਿੱਚ ਜਿਆਦਾ ਹੋਵੇ ਤਾਂ ਦੋ ਜਾਂ ਤਿੰਨ ਅਨੁਸ਼ਾਸਨ ਕਮੇਟੀਆਂ ਦਾ ਗਠਨ ਵੀ ਕੀਤਾ ਜਾ ਸਕਦਾ ਹੈ ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**